**ਦਫਤਰ ਡਾਇਰੈਕਟਰ, ਸਿਖਿਆ ਵਿਭਾਗ (ਸੈ:ਸਿ:), ਪੰਜਾਬ,**
**ਕੰਪਲੈਕਸ ਪੰਜਾਬ ਸਕੂਲ ਸਿਖਿਆ ਬੋਰਡ, ਫੇਜ਼-8, ਅਜੀਤਗੜ੍ਹ।**
**(ਸੈਕੰਡਰੀ ਸਿਖਿਆ ਸ਼ਾਖਾ)**

ਸੇਵਾ ਵਿਖੇ

1. ਸਮੂਹ ਮੰਡਲ ਸਿਖਿਆ ਅਫਸਰ ,
2. ਸਮੂਹ ਜਿਲਾ ਸਿਖਿਆ ਅਫਸਰ (ਸੈ:ਸਿ:)

ਮੀਮੋ ਨੰ: 15/4-2012 ਸੈ:ਸਿ:(2)
ਮਿਤੀ ਅਜੀਤਗੜ੍ਹ: 03-05-2014

ਵਿਸ਼ਾ: ਮਾਲਤੀ ਗਿਆਨ ਪੀਠ ਪੁਰਸਕਾਰ ਸਾਲ 2014 ਲਈ ਕੇਸ ਮੰਗਵਾਉਣ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ "Mahinder Singh Syngle Education and Resurch Society New Delhi " ਵਲੋਂ ਸਾਲ 2014 ਲਈ ਮਾਲਤੀ ਗਿਆਨ ਪੀਠ ਪੁਰਸਕਾਰ ਉਹਨਾਂ ਅਧਿਆਪਕਾਂ ਨੂੰ ਦਿੱਤਾ ਜਾਣਾ ਹੈ ਜਿਹਨਾਂ ਅਧਿਆਪਕਾਂ ਨੇ ਲੜਕੀਆਂ ਦੀ ਸਿਖਿਆ ਨੂੰ ਪ੍ਰਮੋਟ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ।ਇਸ ਸਬੰਧੀ ਪੁਰਸਕਾਰ ਫਿਜਿਕਸ, ਕਮਿਸਟਰੀ, ਗਣਿਤ, ਅੰਗਰੇਜੀ ਅਤੇ ਸੋਸ਼ਲ ਸਾਂਇੰਸ ਵਿਸ਼ਿਆਂ ਵਿੱਚ ਦਿੱਤੇ ਜਾਣੇ ਹਨ।ਹਰ ਵਿਸ਼ੇ ਵਿੱਚ ਤਿੰਨ ਅਧਿਆਪਕਾਂ ( ਲੈਕਚਰਾਰ/ ਮਾਸਟਰ) ਨੂੰ ਅਵਾਰਡ ਦਿੱਤੇ ਜਾਣੇ ਹਨ। ਇਸ ਸਬੰਧੀ ਨਾਮਜਦ ਕੀਤੇ ਜਾਣ ਵਾਲੇ ਅਧਿਆਪਕਾਂ ਦੀ ਘੱਟੋ- ਘੱਟ ਤਿੰਨ ਸਾਲ ਦੀ ਸੇਵਾ ਬਾਕੀ ਹੋਣੀ ਜਰੂਰੀ ਹੈ ਅਤੇ ਲੜਕੀਆਂ ਦੇ ਸਰਕਾਰੀ ਸਕੂਲ ਵਿਚ ਸੰਬੰਧਤ ਵਿਸ਼ਾ ਪੜ੍ਹਾਉਣ ਦਾ 10 ਸਾਲ ਦਾ ਤਜਰਬਾ ਹੋਵੇ।ਇਸ ਪੁਰਸਕਾਰ ਵਿੱਚ ਉਪਰੋਕਤ ਸੰਸਥਾ ਵੱਲੋਂ ਇੱਕ ਲੱਖ ਰੁਪਏ ਰਾਸ਼ੀ ਨਗਦ, ਪ੍ਰਮਾਣ ਪੱਤਰ ਅਤੇ ਰੋਬ ਆਫ ਆਨਰ ਦਿਤਾ ਜਾਣਾ ਹੈ।

ਇਸ ਲਈ ਸਮੂਹ ਮੰਡਲ ਸਿੱਖਿਆ ਅਫਸਰਾਂ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ.) ਵੱਲੋਂ ਇਸ ਸਬੰਧੀ ਯੋਗ ਅਧਿਆਪਕਾਂ ਦੇ ਕੇਸ ਮਿਤੀ 09-05-2014 ਤੱਕ ਇਸ ਦਫਤਰ ਵਿਖੇ ਪੁਜੱਦੇ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਕੇਸਾਂ ਨੂੰ ਵਿਚਾਰਿਆ ਨਹੀਂ ਜਾਵੇਗਾ।